# ਪੰਜਾਬ ਸਟੇਟ ਮਿਡ-ਡੇ-ਮੀਲ ਸੁਸਾਇਟੀ

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ)-ਬਲਾਕ, ਪੰਜਵੀਂ ਮੰਜਿਲ,
ਅਜੀਤਗੜ੍ਹ (ਮੋਹਾਲੀ) ਪੰਜਾਬ E-mail id:punjabmiddaymeal@gmail.com
ਫੋਨਨੰ.0172-5212307, 2210019 ਫੈਕਸ ਨੰ.0172-5212369

ਵੱਲ **(ਵੈਬ-ਸਾਇਟ ਰਾਹੀਂ)**

1) ਮੈਨੇਜਿੰਗ ਡਾਇਰੈਕਟਰ,
ਪਨਸਪ, ਸੈਕਟਰ-34,
ਚੰਡੀਗੜ੍ਹ।

2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)
ਪੰਜਾਬ ਰਾਜ।

ਮੀਮੋਨੰ.ਐਮ.ਡੀ.ਐਮ.ਐਸ./ਜੀ.ਐਮ./2020/ 49469
ਮਿਤੀ :- 06/02/2020

ਵਿਸ਼ਾ:- ਮਿਡ-ਡੇ-ਮੀਲ ਸਕੀਮ ਅਧੀਨ (ਕਣਕ ਅਤੇ ਚਾਵਲ) ਸਾਫ਼-ਸੁੱਥਰਾ, ਤੋਲ ਵਿੱਚ ਪੂਰਾ, ਮਿੱਥੇ ਸਮੇਂ ਅੰਦਰ ਸਕੂਲਾਂ ਵਿੱਚ ਪਹੁੰਚਾਉਣ ਸਬੰਧੀ-ਹਦਾਇਤਾਂ।

ਉਪਰੋਕਤ ਵਿਸ਼ੇ ਸਬੰਧੀ ਇਸ ਦਫ਼ਤਰ ਦੇ ਪੱਤਰ ਨੰ.ਐਮ.ਡੀ.ਐਮ.ਐਸ./ਜੀ.ਐਮ./2015/275-78 ਮਿਤੀ 10/02/2015 ਦੀ ਲਗਾਤਾਰਤਾ ਵਿੱਚ।

1.0 ਮਿਡ-ਡੇ-ਮੀਲ ਸਕੀਮ ਅਧੀਨ ਅਨਾਜ (ਕਣਕ-ਚਾਵਲ) ਸਾਫ-ਸੁੱਥਰਾ, ਤੋਲ ਵਿੱਚ ਪੂਰਾ, ਮਿੱਥੇ ਸਮੇਂ ਅੰਦਰ ਸਕੂਲਾਂ ਵਿੱਚ ਨਾ ਪਹੁੰਚਾਉਣ ਸਬੰਧੀ ਪਨਸਪ ਦੇ ਅਧਿਕਾਰੀਆਂ ਨਾਲ ਵਿਸ਼ੇ ਸਬੰਧੀ ਮੀਟਿੰਗ ਕੀਤੀ ਗਈ ਅਤੇ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਉੱਤੇ ਹੇਠ ਲਿਖੇ ਅਨੁਸਾਰ ਤੁਰੰਤ ਕਾਰਵਾਈ ਲਈ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1) ਪੰਜਾਬ ਰਾਜ ਵਿੱਚ ਸਕੂਲੀ ਬੱਚਿਆਂ ਲਈ ਐਫ.ਸੀ.ਆਈ. ਵੱਲੋਂ ਜਾਰੀ ਕੀਤੇ ਜਾਣ ਵਾਲੇ ਮਿਡ-ਡੇ-ਮੀਲ ਦੇ ਅਨਾਜ ਦੀਆਂ ਬੋਰੀਆਂ ਉੱਤੇ ਪਨਸਪ ਵੱਲੋਂ ਮਿਡ-ਡੇ-ਮੀਲ ਦੀ ਛਾਪ (ਮੋਹਰ) ਜੋ ਕਿ ਪੜ੍ਹਨਯੋਗ ਹੋਵੇ ਲਗਾਈ ਜਾਵੇ।

2) ਐਫ.ਸੀ.ਆਈ. ਗੋਦਾਮਾਂ ਤੋਂ ਮਿਡ-ਡੇ-ਮੀਲ ਲਈ ਜੋ ਅਨਾਜ (ਕਣਕ ਅਤੇ ਚਾਵਲ) ਚੁੱਕਿਆ ਜਾਂਦਾ ਹੈ, ਉਸ ਅਨਾਜ ਦੀ ਚੈਕਿੰਗ ਲਈ ਸਬੰਧਤ ਡਿਪਟੀ ਕਮਿਸ਼ਨਰ ਵੱਲੋਂ ਹੇਠ ਲਿਖੇ ਅਨੁਸਾਰ ਟੀਮ ਬਣਾਈ ਜਾਵੇ।

ੳ) ਡਿਪਟੀ ਕਮਿਸ਼ਨਰ ਵੱਲੋਂ ਨਿਯੁਕਤ ਕੀਤਾ ਨੁੰਮਾਇਦਾ।
ਅ) ਸਿੱਖਿਆ ਵਿਭਾਗ ਦਾ ਨੁੰਮਾਇਦਾ।
ੲ) ਸਿਹਤ ਵਿਭਾਗ ਦਾ ਨੁੰਮਾਇਦਾ।

3) ਪਨਸਪ ਵੱਲੋਂ ਐਫ.ਸੀ.ਆਈ. ਦੇ ਗੋਦਾਮਾਂ ਤੋਂ ਅਨਾਜ ਚੁੱਕਣ ਦੇ 24 ਘੰਟਿਆਂ ਦੇ ਅੰਦਰ ਅੰਦਰ ਇਹ ਅਨਾਜ ਸਬੰਧਤ ਸਕੂਲਾਂ ਵਿੱਚ ਸਪਲਾਈ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

4) ਪਨਸਪ ਦੇ ਅਧਿਕਾਰੀਆਂ ਵੱਲੋਂ ਮਿਡ-ਡੇ-ਮੀਲ ਦੇ ਅਨਾਜ ਦੀ ਡਲੀਵਰੀ ਪਲਾਨ ਅਗੇਤੀ ਤਿਆਰ ਕਰਕੇ ਸਬੰਧਤ ਧਿਰਾਂ ਨੂੰ ਜਿਵੇਂ ਕਿ ਡਿਪਟੀ

ਕਮਿਸ਼ਨਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.), ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਅਤੇ ਸਕੂਲ ਮੁੱਖੀਆਂ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

5) ਮਿਡ-ਡੇ-ਮੀਲ ਸਬੰਧੀ ਅਨਾਜ (ਕਣਕ ਅਤੇ ਚਾਵਲ) ਸਕੂਲਾਂ ਵਿੱਚ ਹੇਠ ਲਿਖੇ ਅਧਿਕਾਰੀਆਂ/ਨੁੰਮਾਇਦਿਆਂ ਵੱਲੋਂ ਪ੍ਰਾਪਤ ਕੀਤਾ ਜਾਵੇਗਾ ਅਤੇ ਪਨਸਪ ਵੱਲੋਂ ਜਾਰੀ ਡਲੀਵਰੀ ਚਲਾਨ ਤੇ ਇਹ ਨੁੰਮਾਇਦੇ ਦਸਤਖਤ ਕਰਨਗੇ:-

ੳ) ਸਕੂਲ ਮੁੱਖੀ।

ਅ) ਸਕੂਲ ਮੈਨੇਜਮੈਂਟ ਕਮੇਟੀ ਦੇ ਤਿੰਨ ਮੈਂਬਰ।

ੲ) ਸਕੂਲ ਦਾ ਮਿਡ-ਡੇ-ਮੀਲ ਇੰਚਾਰਜ।

ਜੇਕਰ ਉੱਕਤ ਅਧਿਕਾਰੀਆਂ/ਨੁੰਮਾਇਦਿਆਂ ਵਿੱਚੋਂ ਕੋਈ ਵੀ ਗੈਰ ਹਾਜ਼ਰ ਹੋਵੇ ਤਾਂ ਪਿੰਡ ਦੇ ਸਰਪੰਚ/ਨੰਬਰਦਾਰ ਜਾਂ ਸਕੂਲ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਦੇ ਮਾਪਿਆਂ ਨੂੰ ਟੀਮ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

6) ਜਕੇਰ ਕਿਸੇ ਸਕੂਲ ਵਿੱਚ ਘਟੀਆ ਕਿਸਮ ਦਾ ਅਤੇ ਘੱਟ ਮਾਤਰਾ ਵਿੱਚ ਅਨਾਜ (ਕਣਕ ਅਤੇ ਚਾਵਲ) ਪਾਇਆ ਜਾਂਦਾ ਹੈ ਤਾਂ ਉਸ ਲਈ ਸਬੰਧਤ ਸਕੂਲ ਮੁੱਖੀ ਅਤੇ ਮਿਡ-ਡੇ-ਮੀਲ ਇੰਚਾਰਜ ਨਿੱਜੀ ਤੌਰ ਤੇ ਜਿੰਮੇਵਾਰ ਹੋਣਗੇ।

7) ਪਨਸਪ ਦੇ ਅਧਿਕਾਰੀਆਂ ਵੱਲੋਂ ਸਕੂਲਾਂ ਵਿੱਚ ਮਿਡ-ਡੇ-ਮੀਲ ਦਾ ਅਨਾਜ (ਕਣਕ ਅਤੇ ਚਾਵਲ) ਸਪਲਾਈ ਕਰਨ ਸਮੇਂ ਟਰੱਕ ਵਿੱਚ ਭਾਰ ਤੋਲਣ ਵਾਲੀ ਮਸ਼ੀਨ (ਕੰਡਾ) ਨਾਲ ਰੱਖਣਾ ਯਕੀਨੀ ਬਣਾਇਆ ਜਾਵੇ।

2.0 ਉੱਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਅਸਿਸਟੈਂਟ ਪ੍ਰੋਜੈਕਟ ਡਾਇਰੈਕਟਰ

ਪਿੱ.ਅੰ. ਨੰ: ਐਮ.ਡੀ.ਐਮ.ਐਸ/ਜੀ.ਐਮ./2020/ 45470 ਮਿਤੀ 06/02/2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਜ਼ਿਲ੍ਹਾ ਮੈਨੇਜਰ, ਪਨਸਪ

2) ਸਮੂਹ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਅਤੇ ਲੇਖਾਕਾਰ ਮਿਡ-ਡੇ-ਮੀਲ।

3) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,

4) ਸਮੂਹ ਸਕੂਲ ਮੁੱਖੀ, ਪੰਜਾਬ ਰਾਜ।

ਅਸਿਸਟੈਂਟ ਪ੍ਰੋਜੈਕਟ ਡਾਇਰੈਕਟਰ